# <u>ਓਨਟਾਰੀਓ ਹਾਈ ਸਕੂਲਾਂ ਵਿੱਚ ਚਲਾਏ ਗਏ ਨਵੇਂ ਪ੍ਰੋਗਰਾਮ</u>
# <u>New Programs Being Piloted in Ontario High Schools</u>

ਸਿੱਖਿਆ ਮੰਤਰਾਲੇ ਅਤੇ ਸਕੂਲ ਬੋਰਡ ਦੁਆਰਾ ਦੋ ਪਾਇਲਟ ਪ੍ਰੋਗਰਾਮ ਸ਼ੁਰੂ ਕੀਤੇ ਗਏ ਹਨ, ਜਿਨ੍ਹਾਂ ਦੀ ਸਹਾਇਤਾ ਨਾਲ ਸਕੈਂਡਰੀ ਸਕੂਲ ਦੇ ਵਿਦਿਆਰਥੀਆਂ ਨੂੰ ਸਕੂਲ ਵਿੱਚ ਸਫ਼ਲ ਹੋਣ ਲਈ ਜਿਆਦਾ ਮੌਕੇ ਪ੍ਰਾਪਤ ਹੋ ਸਕਦੇ ਹਨ। ਸਹਿਕਾਰੀ ਪ੍ਰੋਗਰਾਮਾਂ (Co-op) ਵਿੱਚ ਵੀ ਕੁਝ ਤਬਦੀਲੀਆਂ ਕੀਤੀਆਂ ਹਨ।

ਅੱਜਕਲ 2,500 ਵਿਦਿਆਰਥੀ ਦੋਹਰੇ ਲਾਭ ਵਾਲੇ ਪਾਇਲਟ ਪ੍ਰੋਗਰਾਮ (*Dual Credit Pilot Program*) ਵਿੱਚ ਹਨ। ਜਿਸ ਵਿੱਚ ਵਿਦਿਆਰਥੀ ਪੜ੍ਹਾਈ ਦੇ ਨਾਲ ਨਾਲ ਆਪਣੇ ਕਿੱਤੇ ਬਾਰੇ ਵੀ ਕੋਰਸ ਕਰਦੇ ਹਨ ਅਤੇ ਉਹਨਾਂ ਨੂੰ ਹਾਈ ਸਕੂਲ ਕਰੈਡਿਟ ਵੀ ਮਿਲਦੇ ਹਨ। ਉਹਨਾ ਵਿੱਚੋਂ ਬਹੁਤ ਸਾਰੇ ਸਮੈਸਟਰ ਦਾ ਕੁਝ ਹਿੱਸਾ ਹੀ ਕਾਲਜ ਵਿੱਚ ਕਰਦੇ ਹਨ। ਜਿਹੜੇ ਬੱਚੇ ਹਾਈ ਸਕੂਲ ਦੀ ਪੜ੍ਹਾਈ ਪੂਰੀ ਨਹੀਂ ਕਰ ਸਕੇ ਉਹਨਾਂ ਲਈ ਇਹ ਪ੍ਰੋਗਰਾਮ ਬਹੁਤ ਕਾਰਗਰ ਸਾਬਤ ਹੋਇਆ ਹੈ। 80% ਤੋਂ ਜ਼ਿਆਦਾ ਵਿਦਿਆਰਥੀ ਇਹਨਾਂ ਪ੍ਰੋਗਰਾਮਾਂ ਨੂੰ ਪੂਰੀ ਸਫ਼ਲਤਾ ਨਾਲ ਪੂਰਾ ਕਰ ਰਹੇ ਹਨ। ਇੱਕ ਬਰੈਂਟਫ਼ੋਰਡ (*Brantford*) ਵਿਦਿਆਰਥੀ ਦਾ ਇਹ ਕਹਿਣਾ ਹੈ “ਇਸ ਪ੍ਰੋਗਰਾਮ ਨੇ ਮੇਰੀ ਜ਼ਿੰਦਗੀ ਹੀ ਬਦਲ ਦਿੱਤੀ ਹੈ, ਮੈਂ ਇਸ ਪ੍ਰੋਗਰਾਮ ਤੋਂ ਬਿਨ੍ਹਾਂ ਇਸ ਮੁਕਾਮ ਤੇ ਨਹੀਂ ਹੋਣਾ ਸੀ”

ਖ਼ਾਸ ਨਿਪੁੰਨਤਾਂਵਾਂ ਵਾਲੇ ਖ਼ੇਤਰ (*Specialist High Skills Majors*) ਉਹਨਾਂ ਵਿਦਿਆਰਥੀਆਂ ਲਈ ਖਿੱਚ ਰੱਖਦੇ ਹਨ, ਜਿਹਨਾਂ ਨੂੰ ਪਤਾ ਹੈ ਕਿ ਉਹਨਾਂ ਨੇ ਹਾਈ ਸਕੂਲ ਤੋਂ ਬਾਅਦ ਕੀ ਕਰਨਾ ਹੈ, ਉਹ ਸੀਨੀਅਰ ਹਾਈ ਸਕੂਲ ਦੌਰਾਨ ਅਪਣੇ ਚੁਣੇ ਵਿਸ਼ੇ ਵਿੱਚ 6 ਤੋਂ 12 ਕਰੈਡਿਟ ਲੈ ਕੇ ਵਿਸ਼ੇਸ਼ਗਤਾ ਹਾਸਲ ਕਰ ਸਕਦੇ ਹਨ। ਉਹ ਹੁਨਰ ਸਿਖਲਾਈ ਕੇਂਦਰ (*Skill Training Centre*) ਵਿੱਚ ਅਤੇ ਕਿਸੇ ਯੋਗ ਉਦਯੋਗ ਵਿੱਚ ਕੰਮ ਕਰਕੇ ਸਹਿਕਾਰੀ ਕੰਮ ਦਾ ਤਜਰਬਾ (*Co-op Work Expericence*) ਵੀ ਲੈ ਸਕਦੇ ਹਨ। ਲਗਭਗ 600 ਵਿਦਿਆਰਥੀ ਇਹਨਾਂ ਪਾਇਲਟ ਪ੍ਰੋਗਰਾਮਾਂ ਵਿੱਚ ਹਿੱਸਾ ਲੈ ਰਹੇ ਹਨ।

ਖ਼ਾਸ ਨਿਪੁੰਨਤਾਂਵਾਂ ਵਾਲੇ ਖ਼ੇਤਰ (*Specialist High Skills Majors*) ਅਤੇ ਦੋਹਰੇ ਲਾਭ ਵਾਲੇ ਪਾਇਲਟ ਪ੍ਰੋਗਰਾਮ (*Dual Credit Pilot Program*) ਹਰੇਕ ਹਾਈ ਸਕੂਲ ਅਤੇ ਸਿੱਖਿਆ ਬੋਰਡ ਵਿੱਚ ਉਪਲਬਧ ਨਹੀਂ ਹਨ। ਪਰ ਇਹ ਪ੍ਰੋਗਰਾਮ ਹਰ ਸਾਲ ਹੋਰ ਨਵੇਂ ਵਿਦਿਆਰਥੀਆਂ ਦੇ ਸ਼ਾਮਿਲ ਹੋਣ ਨਾਲ ਪ੍ਰਫੁਲੱਤ ਹੋ ਰਹੇ ਹਨ। ਇਹਨਾਂ ਪ੍ਰੋਗਰਾਮਾਂ ਦੀ ਹੋਰ ਜਾਣਕਾਰੀ ਲਈ ਆਪਣੇ ਸਕੂਲ ਦੇ ਹਦਾਇਤ ਸਲਾਹਕਾਰ (*Guidance Counsellor*) ਨਾਲ ਸੰਪਰਕ ਕਰੋ।

ਸਹਿਕਾਰੀ (*Co-op*) ਸਿੱਖਿਆ ਵਿੱਚ ਵੀ ਤਬਦੀਲੀਆਂ ਆਈਆਂ ਹਨ। ਸਹਿਕਾਰੀ ਕੋਰਸ ਨਾਲ ਜਿੱਥੇ ਵਿਦਿਆਰਥੀਆਂ ਨੂੰ ਕੰਮ ਮਿਲਦਾ ਹੈ, ਉੱਥੇ ਕਿੱਤੇ ਦੀ ਵੀ ਸਿਖਲਾਈ ਵੀ ਮਿਲਦੀ ਹੈ। ਇਹ ਕੋਰਸ ਹੁਣ 18 ਜ਼ਰੂਰੀ ਕਰੈਡਿਟ ਵਿੱਚੋਂ 2 ਕਰੈਡਿਟ ਲਈ ਵੀ ਗਿਣਿਆ ਜਾਂਦਾ ਹੈ। ਵਿਦਿਆਰਥੀਆਂ ਨੂੰ ਅਪਣੇ ਡਿਪਲੋਮੇ ਦੀ ਸਮਾਂ-ਸਾਰਣੀ ਵਿੱਚ ਹੀ ਇਸ ਕੰਮ ਨੂੰ ਕਰਨ ਦਾ ਪੂਰਾ ਮੌਕਾ ਦਿੱਤਾ ਜਾਂਦਾ ਹੈ।